aglasem.com

FOR PUNJAB CLASS 3 PREPARATION

PSEB 3rd Class Syllabus 2027 Mathematics

EXAM	YEAR	TYPE	SUBJECT
Punjab Class 3	2027	Syllabus	Maths

ਸ਼੍ਰੇਣੀ ਤੀਜੀ
5. ਗਣਿਤ

ਸਮਾਂ: 3 ਘੰਟੇ

ਰੇਖਾ ਗਣਿਤ

(ਆਕ੍ਰਿਤੀਆਂ ਅਤੇ ਇਹਨਾਂ ਦਾ ਵਿੱਥਮਈ ਗਿਆਨ)

- ਕਾਗਜ ਨੂੰ ਕੱਟ ਕੇ, ਮੋੜ ਕੇ, ਵੱਖ-ਵੱਖ ਆਕ੍ਰਿਤੀਆਂ ਬਨਾਉਣਾ ।
- 2 ਪਸਾਰੀ ਆਕ੍ਰਿਤੀਆਂ ਦੀ ਪਹਿਚਾਣ।
- ਵੱਖ-ਵੱਖ 2-ਪਸਾਰੀ ਆਕ੍ਰਿਤੀਆਂ ਦੀਆਂ ਭੁਜਾਵਾਂ, ਕਿਨਾਰੇ ਅਤੇ ਵਿਕਰਣ ਦਾ ਗਿਣਤੀ ਦੁਆਰਾ ਵਰਨਣ।
- ਬਿੰਦੂ-ਜੰਗਲੇ (Dot grid) ਦੀ ਸਹਇਤਾ ਨਾਲ਼, ਸਿੱਧੀ ਰੇਖਾ , ਵਕਰ ਰੇਖਾ ਦੁਆਰਾ ਵੱਖ-ਵੱਖ ਆਕ੍ਰਿਤੀਆਂ ਬਨਾਉਣਾ ।
- ਚੀਨੀ ਅੜਾਉਨੀ (Tangram) ਟੁੱਕੜੀਆਂ ਰਾਹੀਂ ਵੱਖ-ਵੱਖ ਆਕ੍ਰਿਤੀਆਂ ਬਨਾਉਣਾ।
- ਦੋ 2-ਪਸਾਰੀ ਆਕ੍ਰਿਤੀਆਂ ਦਾ ਉਨ੍ਹਾਂ ਦੀਆਂ ਭੁਜਾਵਾਂ ਅਤੇ ਕੋਨਿਆਂ ਦੇ ਅਧਿਐਨ ਰਾਹੀਂ ਵਿਸ਼ੇਸਤਾਵਾਂ ਦਾ ਮਿਲਾਣ ਕਰਨਾ।
- ਦਿੱਤੇ ਹੋਏ ਖੇਤਰ ਵਿੱਚ ਖਾਸ ਕਿਸਮ ਦੀਆਂ ਟਾਈਲਾਂ ਦੁਆਰਾ ਟਾਈਲਾਂ ਲਗਾਉਣਾ ।
- ਵੱਖ-ਵੱਖ ਆਕ੍ਰਿਤੀਆਂ ਦਾ ਟਾਈਲਾਂ ਅਤੇ ਬਿਨਾਂ ਟਾਈਲਾਂ ਦੇ ਖੇਤਰਫਲਾਂ ਅਨੁਸਾਰ ਵਰਗੀਕਰਣ ਕਰਨਾ।
- ਨਕਸ਼ੇ ਦਾ ਅੰਤਰ -ਗਿਆਨ, ਸਧਾਰਨ ਨਕਸ਼ੇ ਨੂੰ ਪੜ੍ਹਨਾ।
- ਤਿੰਨ-ਪਸਾਰੀ ਆਕ੍ਰਿਤੀਆਂ ਬਣਾਉਣੀਆਂ।

ਸੰਖਿਆਵਾਂ(1●●● ਤੱਕ ਸੰਖਿਆ ਪ੍ਰਣਾਲੀ)

ਤਿੰਨ ਅੰਕਾਂ ਵਾਲੀ ਸੰਖਿਆ ਨੂੰ ਪੜ੍ਹਨਾ ਅਤੇ ਲਿਖਣਾ , ਸੰਖਿਆਂ ਦਾ ਸਥਾਨਕ ਮੁੱਲ ਅਨੁਸਾਰ ਵਿਸਥਾਰ ਕਰਨਾ, ਕਿਸੇ ਵੀ ਸੰਖਿਆ ਤੋਂ ਸ਼ੁਰੂ ਕਰਕੇ ਵੱਖ-ਵੱਖ ਤਰੀਕੇ ਰਾਹੀਂ ਗਿਣਤੀ ਕਰਨਾ। ਸੰਖਿਆਵਾਂ ਦੀ ਤੁਲਨਾ ਕਰਨਾ। ਦਿੱਤੇ ਅੰਕਾਂ ਤੋਂ ਵੱਡੀ-ਤੋਂ -ਵੱਡੀ ਸੰਖਿਆ ਅਤੇ ਛੋਟੀ ਤੋਂ ਛੋਟੀ ਸੰਖਿਆ ਪ੍ਰਾਪਤ ਕਰਨਾ।

ਜੋੜ ਅਤੇ ਘਟਾਓ

- ਦੋ ਸੰਖਿਆਵਾਂ ਨੂੰ ਸਮੂਹੀਕਰਣ ਕਰਕੇ ਅਤੇ ਬਿਨਾਂ ਸਮੂਹੀਕਰਨ ਕੀਤੇ, ਜੋੜ ਅਤੇ ਘਟਾਓ ਲੰਬਾਤਮਕ ਰੂਪ ਵਿੱਚ ਕਰਨਾ।
- ਸਥਾਨਕ ਮੁੱਲ ਦੀ ਵਰਤੋਂ ਕਰਦੇ ਹੋਏ ਹਾਸਲ ਸਮੇਤ ਜੋੜ ਅਤੇ ਘਟਾਓ ਕਰਨਾ।
- ਚਿੱਤਰ ਅਤੇ ਕਹਾਣੀ ਰਾਹੀਂ ਜੋੜ ਅਤੇ ਘਟਾਓ ਦੀਆਂ ਸੱਮਸਿਆਵਾਂ ਨੂੰ ਹੱਲ ਕਰਨਾ।
- ਜੋੜ ਅਤੇ ਘਟਾਓ ਤੱਥਾਂ ਨਾਲ਼ ਸੰਬੰਧਤ ਸੱਮਸਿਆਵਾਂ ਦਾ ਨਿਰਮਾਣ ਕਰਨਾ।
- ਦੋ ਦਿੱਤੇ ਅੰਕਾਂ ਵਿੱਚ ਜੋੜ ਅਤੇ ਘਟਾਓ ਦਾ ਅੰਦਾਜਾ ਲਗਾਉਣਾ।

ਗੁਣਾ :-

- ਗੁਣਾ ਦੇ ਸਿਧਾਂਤ ਨੂੰ ਵਿਸਥਾਰ ਪੂਰਵਕ ਸਮਝਾਉਣਾ (ਦੁਹਰਾਓਂਦੇ ਜੋੜ ਦੇ ਰੂਪ ਵਿੱਚ)
- ਗੁਣਾ ਦੇ ਚਿੰਨ੍ਹ ਦੀ ਪਹਿਚਾਣ ਕਰਨਾ।
- 2,3,4,5 ਅਤੇ 1● ਦੇ ਪਹਾੜਿਆਂ ਦਾ ਨਿਰਮਾਣ ਕਰਨਾ।
- ਗੁਣਾ ਦੇ ਤੱਥਾਂ ਨੂੰ ਸੰਖਿਆਵਾਂ ਵਿੱਚ ਵਰਤਣਾ।
- ਦੋ ਅੰਕਾ ਵਾਲੀਆਂ ਸੰਖਿਆਵਾਂ ਨੂੰ ਗਿਣਨ ਵਿਧੀ ਦੀ ਵਰਤੋਂ ਕਰਦੇ ਹੋਏ ਗੁਣਾ ਕਰਨਾ ਅਤੇ ਜਾਲੀ ਨੁਮਾ ਗਿਣਨ ਵਿਧੀ (lattice) ਦੀ ਸਹਾਇਤਾ ਨਾਲ਼ ਗੁਣਾ ਕਰਨਾ।

aglasem.com For more Question Papers, Sample Papers, Notes & Syllabus visit aglasem.com

ਭਾਗ :–

ਸਮੂਹ ਬਣਾ ਕੇ ਵੰਡ ਵਿਧੀ ਨੂੰ ਸਮਝਾਉਣਾ (ਬਰਾਬਰ ਗੱਰੁਪ ਬਣਾ ਕੇ ਅਤੇ ਵੰਡ ਕੇ), ਭਾਗ ਅਤੇ ਗੁਣਾ ਵਿੱਚ ਸੰਬੰਧ; ਸਮੂਹ ਬਣਾ ਕੇ ਅਤੇ ਪਹਾੜਿਆ ਦੀ ਵਰਤੋਂ ਰਾਹੀਂ ਭਾਗ ਵਿਧੀ ਸਮਝਾਉਣਾ।

ਦਿਮਾਗੀ ਅੰਕ ਗਣਿਤ : –

ਇੱਕ ਅੰਕ ਵਾਲੀ ਸੰਖਿਆ ਅਤੇ ਦੋ ਅੰਕਾਂ ਵਾਲੀਆਂ ਸੰਖਿਆਵਾਂ ਨੂੰ ਜ਼ੁਬਾਨੀ ਜੋੜਨਾ ਅਤੇ ਘਟਾਉਣਾ।

- ਦੋ ਅੰਕਾਂ ਵਾਲੀ ਸੰਖਿਆ ਨੂੰ ਜ਼ਬਾਨੀ ਦੁਗਣਾ ਕਰਨਾ। (ਉੱਤਰ ਦੋ ਅੰਕਾਂ ਤੋਂ ਵੱਧ ਨਾ ਹੋਵੇ)

ਧਨ:–

- ਖੇਡਣ ਵਾਲ਼ੇ ਧਨ ਨਾਲ਼ ਰੁਪਇਆਂ ਨੂੰ ਪੈਸਿਆਂ ਵਿੱਚ ਬਦਲਣਾ।
- ਧਨ ਦਾ ਜੋੜ ਅਤੇ ਘਟਾਓ ਕਾਲਮ ਵਿਧੀ ਦੀ ਵਰਤੋਂ ਕਰਦੇ ਹੋਏ ਅਤੇ ਧਨ ਦਾ ਘਟਾਓ ਬਿਨਾਂ ਸਮੂਹੀਕਰਣ ਕੀਤੇ।
- ਮੁੱਲ–ਸਾਰਣੀ ਅਤੇ ਲੇਖਾ–ਪਰਚੀ ਬਣਾਉਣਾ।

ਮਾਪ

ਲੰਬਾਈ :–

- ਮਿਆਰੀ ਇਕਾਈਆਂ ਦੀ ਵਰਤੋਂ ਦਾ ਮਹੱਤਵ।
- ਲੰਬਾਈ ਦੀ ਮਿਆਰੀ ਇਕਾਈ ਮੀਟਰ ਜਾਂ ਸੈਂਟੀਮੀਟਰ ਦੀ ਵਰਤੋਂ ਕਰਦੇ ਹੋਏ ਲੰਬਾਈ ਨੂੰ ਮਾਪਣਾ।
- ਕਿਸੇ ਵਸਤੂ ਦਾ ਮਿਆਰੀ ਰੂਪ ਵਿੱਚ ਲੰਬਾਈ ਦਾ ਅੰਦਾਜ਼ਾ ਲਗਾਉਣਾ ਅਤੇ ਪੈਮਾਇਸ਼ ਦੁਆਰਾ ਤਸਦੀਕ ਕਰਨਾ।
- ਫੁੱਟੇ ਦੀ ਵਰਤੋਂ ਕਰਨਾ।
- ਮੀਟਰ ਅਤੇ ਸੈਂਟੀਮੀਟਰ ਦੇ ਸੰਬੰਧ ਬਾਰੇ ਗਿਆਨ।

ਭਾਰ (ਪੁੰਜ) :–

- ਵਸਤੂਆਂ ਦਾ ਗੈਰ–ਮਿਆਰੀ ਢੰਗ ਨਾਲ਼ ਭਾਰ ਤੋਲਣਾ।
- ਭਾਰ(ਪੁੰਜ) ਸਰੱਖਿਅਣ ਦੇ ਸਿਧਾਂਤ ਦਾ ਮਹੱਤਵ।

ਸਮਾਈ :– ਗੈਰ ਮਿਆਰੀ ਤਰੀਕੇ ਨਾਲ਼ ਵੱਖ–ਵੱਖ ਬਰਤਨਾਂ ਦੀ ਸਮਾਈ ਨੂੰ ਮਾਪਣਾ **ਅਤੇ** ਤੁਲਨਾ ਕਰਨੀ, ਸਮਾਈ ਸਰੱਖਿਅਣ ਦੇ ਸਿਧਾਂਤ ਦਾ ਮਹੱਤਵ **।**

ਸਮਾਂ :– ਕੈਲੰਡਰ ਨੂੰ ਪੜ੍ਹਨਾ ਅਤੇ ਇੱਕ ਨਿਸ਼ਚਿਤ ਦਿਨ ਅਤੇ ਤਾਰੀਖ ਨੂੰ ਲੱਭਣਾ, ਸਮੇਂ ਨੂੰ ਘੰਟੇ ਅਨੁਸਾਰ ਠੀਕ ਤਰੀਕੇ ਨਾਲ਼ ਪੜ੍ਹਨਾ, ਵੱਖ–ਵੱਖ ਘਟਨਾਵਾਂ ਨੂੰ ਘਟਨਾਕਾਲ ਅਨੁਸਾਰ ਸੂਚੀਬੱਧ ਕਰਨਾ।

ਅੰਕੜੇ ਬਣਾਉਣਾ

- ਅੰਕੜਿਆਂ ਨੂੰ ਮਿਲਾਣ ਚਿੰਨ੍ਹਾਂ ਰਾਹੀਂ ਦਰਜ ਕਰਨਾ।
- ਅੰਕੜਿਆਂ ਨੂੰ ਇਕੱਠਾ ਕਰਨਾ ਅਤੇ ਚਿੱਤਰ ਚਿੰਨ੍ਹ ਰਾਹੀਂ ਅੰਕੜਿਆਂ ਨੂੰ ਦਰਸਾਉਣ ਲਈ ਠੀਕ ਪੈਮਾਨੇ ਅਤੇ ਇਕਾਈ ਦੀ ਵਰਤੋਂ ਕਰਨੀ।
- ਦਿੱਤੇ ਅੰਕੜਿਆਂ ਦਾ ਅਧਿਆਪਕ ਨਾਲ਼ ਸਲਾਹ–ਮਸ਼ਵਰਾ ਕਰਕੇ ਨਿਚੋੜ ਕੱਢਣਾ।

ਪੈਟਰਨ (ਨਮੂਨਾ)

- ਸਧਾਰਣ, ਸਮਮਿਤਈ ਆਕ੍ਰਿਤੀਆਂ ਅਤੇ ਨਮੂਨੇ ਦੀ ਪਹਿਚਾਣ ਕਰਨਾ।
- ਸਿੱਧੀ ਰੇਖਾ ਅਤੇ ਹੋਰ ਜਿਆਮਿਤੀ ਆਕ੍ਰਿਤੀਆਂ ਤੋਂ ਨਮੂਨੇ ਅਤੇ ਵੱਖ–ਵੱਖ ਡਿਜਾਇਨ ਬਣਾਉਣਾ**।**
- ਟਾਂਕ ਅਤੇ ਜਿਸਤ ਸੰਖਿਆਵਾਂ ਲਈ ਸੰਖਿਆ ਅੰਕ ਦੇ ਨਮੂਨੇ ਦੀ ਪਹਿਚਾਣ ਕਰਨਾ ਅਤੇ ਟਾਂਕ ਤੇ ਜਿਸਤ ਸੰਖਿਆਵਾਂ ਵਿੱਚ ਜੋੜਨਾ।
- ਕਿਸੇ ਸੰਖਿਆ ਨੂੰ ਵੱਖ–ਵੱਖ ਭਾਗਾਂ ਵਿੱਚ ਵੰਡਣਾ ।
- ਆਪਣੇ ਆਲੇ –ਦੁਆਲੇ ਦੇ ਨਮੂਨੇ ਪਹਿਚਾਨਣੇ ।
- ਦਹਾਈਆਂ ਦੀ ਗੁਣਾ ਅਤੇ ਭਾਗ ਨਾਲ਼ ਬਣੇ ਵੱਖ–ਵੱਖ ਨਮੂਨੇ ਦੀ ਪਹਿਚਾਣ ਕਰਨਾ।